# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 2623207, 2620106**

**ਫੈਕਸ:0172-2624687, ਈ-ਮੇਲ: ssa.punjab@yahoo.com**


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.), ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.), ਪੰਜਾਬ।

ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/77024-77063

ਮਿਤੀ: ਚੰਡੀਗੜ੍ਹ 01.07.2011

**ਵਿਸ਼ਾ:-** **ਸੀ.ਸੀ.ਈ. ਦੇ ਤਹਿਤ ਮੁਲਾਂਕਣ ਵਿਧੀ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਜੀ।

2.0 ਆਪ ਜੀ ਇਸ ਤੱਥ ਤੋਂ ਭਲੀ ਭਾਂਤ ਜਾਣੂ ਹੋ ਕਿ RTE Act- 2009 ਦੇ ਤਹਿਤ ਵਿਦਿਆਰਥੀਆਂ ਦਾ ਲਗਾਤਾਰ ਤੇ ਸਮੁੱਚਾ ਮੁਲਾਂਕਣ ਕੀਤਾ ਜਾਣਾ ਹੈ।

3.0 ਸਮੁੱਚਾ ਮੁਲਾਂਕਣ ਕਰਨ ਦੀ ਤਕਨੀਕ ਨੂੰ ਮਹੀਨਾ ਵਾਰ ਮੀਟਿੰਗ ਦੌਰਾਨ ਆਪ ਜੀ ਨਾਲ ਸਾਂਝਾ ਵੀ ਕੀਤਾ ਗਿਆ ਸੀ ਕਿ ਹਫ਼ਤਾਵਾਰੀ ਮੁਲਾਂਕਣ ਕਰਦੇ ਹੋਏ ਮਹੀਨਾ ਵਾਰ ਮੁਲਾਂਕਣ ਵੱਲ ਸੇਧਤ ਹੋਣਾ ਹੈ। ਮਹੀਨੇ ਵਿੱਚ ਇੱਕ ਵਾਰ ਲਿਖਤੀ ਮੁਲਾਂਕਣ ਵੀ ਜਰੂਰ ਕੀਤਾ ਜਾਣਾ ਹੈ।

4.0 ਲਗਾਤਾਰ ਸਮੁੱਚਾ ਮੁਲਾਂਕਣ ਹਫਤਾਵਾਰੀ ਹੋਵੇਗਾ ਜਿਸ ਦੌਰਾਨ ਅਧਿਆਪਕ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਲਿਖਤੀ ਰੂਪ ਵਿੱਚ ਬੱਚੇ ਦਾ ਮੁਲਾਂਕਣ ਕਰਨਾ ਯਕੀਨੀ ਬਣਾਵੇਗਾ। ਲਿਖਤੀ ਮੁਲਾਂਕਣ ਲਈ ਸਬੰਧਤ ਮਹੀਨੇ ਦਾ ਟੂਲ ਅਧਿਆਪਕ ਖੁਦ ਤਿਆਰ ਕਰੇਗਾ। ਬਾਈ ਮੰਥਲੀ ਪੈਂਟਰਨ ਅਧੀਨ ਅਗਲੇ ਮਹੀਨੇ ਦੇ ਲਿਖਤੀ ਮੁਲਾਂਕਣ ਲਈ ਟੂਲ ਸਟੇਟ ਹੈੱਡ ਆਫ਼ਿਸ ਤੋਂ ਤਿਆਰ ਕਰਕੇ ਭਿਜਵਾਏ ਜਾਣਗੇ। ਅਜਿਹਾ ਜਮਾਤ ਚੌਥੀ ਤੋਂ ਜਮਾਤ ਅੱਠਵੀਂ ਤੱਕ ਹੋਵੇਗਾ ਜੀ।

5.0 ਮੁਲਾਂਕਣ ਟੂਲ ਸਕੂਲ ਵਲੋਂ ਤਿਆਰ ਕੀਤੇ ਜਾਣ ਅਤੇ ਸਟੇਟ ਹੈੱਡ ਆਫ਼ਿਸ ਤੋਂ ਤਿਆਰ ਕਰਕੇ ਭਿਜਵਾਏ ਜਾਣ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:

| **ਅਧਿਆਪਕ ਵਲੋਂ ਮੁਲਾਂਕਣ ਟੂਲ ਤਿਆਰ ਕਰਨ ਦਾ ਮਹੀਨਾ** | **ਸਟੇਟ ਹੈੱਡ ਆਫ਼ਿਸ ਵਲੋਂ ਮੁਲਾਂਕਣ ਟੂਲ ਤਿਆਰ ਕਰਨ ਦਾ ਮਹੀਨਾ** |
|---|---|
| ਅਗਸਤ, ਅਕਤੂਬਰ, ਦਸੰਬਰ, ਫਰਵਰੀ | ਜੁਲਾਈ, ਸਤੰਬਰ, ਨਵੰਬਰ, ਜਨਵਰੀ, ਮਾਰਚ |

6.0 ਸਟੇਟ ਹੈੱਡ ਆਫ਼ਿਸ ਵਲੋਂ ਚਾਰ ਵਿਸ਼ਿਆਂ - ਸਾਇੰਸ, ਗਣਿਤ, ਅੰਗਰੇਜ਼ੀ, ਸਮਾਜਿਕ ਸਿੱਖਿਆ - ਦੇ ਟੂਲਜ਼ ਹਰੇਕ ਵੀਹ ਅੰਕਾਂ ਦਾ ਬਣਾ ਕੇ ਭੇਜਿਆ ਜਾਵੇਗਾ। ਇਹਨਾਂ ਵੀਹ ਅੰਕਾਂ ਵਿੱਚੋਂ ਪੰਜ ਅੰਕਾਂ ਦਾ ਮੈਟਰ ਪਿਛਲੇ ਮਹੀਨੇ ਦੇ ਸਿਲੇਬਸ ਵਿੱਚੋਂ ਤੇ ਪੰਦਰਾਂ ਨੰਬਰਾਂ ਦਾ ਮੈਟਰ ਚਲਦੇ ਮਹੀਨੇ ਦੇ ਸਿਲੇਬਸ ਵਿੱਚੋਂ ਲਿਆ ਜਾਵੇਗਾ। ਉਦਾਹਰਨ ਦੇ ਤੌਰ ਤੇ, ਸਟੇਟ ਹੈੱਡ ਆਫ਼ਿਸ ਵਲੋਂ ਜੁਲਾਈ, 2011 ਦਾ ਮੁਲਾਂਕਣ ਟੂਲ ਭੇਜਿਆ ਜਾਵੇਗਾ ਜਿਸ ਵਿੱਚ ਪੰਜ ਅੰਕਾਂ ਦਾ ਸਿਲੇਬਸ ਮਈ ਦਾ ਅਤੇ ਪੰਦਰਾਂ ਅੰਕਾਂ ਦਾ ਸਿਲੇਬਸ ਜੁਲਾਈ ਦਾ ਕਵਰ ਕੀਤਾ ਜਾਵੇਗਾ।

7.0 ਨੌਵੀਂ ਅਤੇ ਦਸਵੀਂ ਜਮਾਤਾਂ ਲਈ ਮਿਡਲ ਜਮਾਤਾਂ ਦੀ ਤਰ੍ਹਾ ਸੀ.ਸੀ.ਈ. ਨੂੰ ਬੇਸ ਬਣਾ ਕੇ ਹਫ਼ਤਾ ਵਾਰ/ਮਹੀਨਾ ਵਾਰ ਮੁਲਾਂਕਣ ਅਧਿਆਪਕ ਪੱਧਰ ਤੇ ਕੀਤਾ ਜਾਵੇਗਾ। ਇਸ ਮੁਲਾਂਕਣ ਲਈ ਮੁਲਾਂਕਣ ਟੂਲ ਸਟੇਟ ਹੈੱਡ ਆਫ਼ਿਸ ਵਲੋਂ ਨਹੀਂ ਭੇਜੇ ਜਾਣਗੇ। ਇੱਥੋਂ ਸਿਰਫ ਨੌਵੀਂ ਜਮਾਤ ਦੇ ਦੋਵੇ ਸਮੈਸਟਰਾਂ (ਸਤੰਬਰ ਅਤੇ ਮਾਰਚ ਮਹੀਨਿਆਂ) ਦੇ ਹੀ ਟੂਲ ਭੇਜੇ ਜਾਣਗੇ।

8.0 ਉਪਰੋਕਤ ਮੁਤਾਬਕ ਸਟਰੈਟਿਜੀ ਅਪਨਾਉਣਾ ਯਕੀਨੀ ਬਣਾਇਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

**ਉਤਾਰਾ** : ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐਸ), ਵੈੱਬ ਸਾਈਟ ਲਈ